ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਮਿਤੀ 07 ਦਸੰਬਰ ਸ਼ਨੀਵਾਰ 2024

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ





ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ



Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS


## ਬਰੈਂਪਟਨ ਵਿਖੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਦਾ ਸ਼ਾਨਦਾਰ ਸਵਾਗਤ ਅੱਜ



ਬਰੈਂਪਟਨ 7, ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਭਾਰਤ ਸਮੇਤ ਵੱਖ-ਵੱਖ ਦੇਸ਼ਾਂ ਦਾ ਦੌਰਾ ਕਰਕੇ ਕੈਨੇਡਾ ਵਾਪਸ ਪਰਤੇ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਦੇ ਸ਼ਾਨਦਾਰ ਸਵਾਗਤ ਲਈ 8 ਦਸੰਬਰ ਦਿਨ ਐਤਵਾਰ ਨੂੰ ਬਾਅਦ ਦੁਪਹਿਰ 2 ਤੋਂ 5 ਵਜੇ ਤੱਕ ਕਵੀ ਦਰਬਾਰ ਦਾ ਆਯੋਜਨ ਹੋਵੇਗਾ। ਦੱਸ ਦਈਏ ਕਿ ਮਾਂ ਬੋਲੀ ਪੰਜਾਬੀ, ਪੰਜਾਬੀਅਤ, ਕਲਾ, ਸਾਹਿਤ, ਪੰਜਾਬੀ ਸੱਭਿਆਚਾਰ ਤੇ ਪੰਜਾਬੀ ਵਿਰਸੇ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਹਾਲ ਹੀ ਵਿੱਚ ਦੁਬਈ, ਭਾਰਤ ਅਤੇ ਪੰਜਾਬ ਵਿੱਚ ਜਿੱਥੇ ਵੱਖ ਵੱਖ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕੀਤੀ ਗਈ ,ਉਥੇ ਹੀ ਮਨੁੱਖਤਾ ਦੀ ਸੇਵਾ ਲਈ ਕਈ ਸਮਾਜਿਕ ਕੰਮ ਵੀ ਕੀਤੇ ਗਏ।

ਵਿਸ਼ਵ ਪੰਜਾਬੀ ਸਭਾ ਦੀ ਚੇਅਰਪਰਸਨ ਰਮਿੰਦਰ ਕੌਰ ਉਰਫ਼ ਰੰਮੀ ਵਾਲੀਆ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਭਾ ਦੇ ਚੇਅਰਮੈਨ ਡਾਕਟਰ ਦਲਬੀਰ ਕਥੂਰੀਆ ਦੀ ਇਹ ਯਾਤਰਾ ਬਹੁਤ ਹੀ ਸ਼ਾਨਦਾਰ ਰਹੀ। ਉਹਨਾਂ ਦੇ ਸਵਾਗਤ ਦੇ ਲਈ 8 ਦਸੰਬਰ ਦਿਨ ਐਤਵਾਰ ਨੂੰ ਇੱਕ ਸਾਹਿਤਕ ਸਮਾਗਮ ਕੀਤਾ ਜਾ ਰਿਹਾ ਹੈ। ਸਮਾਗਮ ਵਿੱਚ ਸਭਾ ਦੇ ਮੈਂਬਰ ਅਤੇ ਕਵੀ ਆਪਣੇ ਵਿਚਾਰ ਪੇਸ਼ ਕਰਨਗੇ ਤੇ ਆਪਣੀਆਂ ਰਚਨਾਵਾਂ ਦੀ ਵੀ ਪੇਸ਼ਕਾਰੀ ਕਰਨਗੇ। ਇਸਤਰੀ ਵਿੰਗ ਦੇ ਸਕੱਤਰ ਜਨਰਲ ਰਿੰਟੂ ਭਾਟੀਆ ਵੱਲੋਂ ਹੋਸਟ ਕੀਤੇ ਜਾਣ ਵਾਲੇ ਇਸ ਸਮਾਗਮ ਵਿੱਚ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਆਪਣੀ ਯਾਤਰਾ ਦੌਰਾਨ ਪ੍ਰਾਪਤ ਹੋਏ ਤਜਰਬਿਆਂ ਨੂੰ ਵੀ ਦਰਸ਼ਕਾਂ ਦੇ ਸਾਹਮਣੇ ਰੱਖਿਆ ਜਾਵੇਗਾ।

## ਚਾਰ ਸਾਲ ਪਹਿਲਾਂ ਕੈਨੇਡਾ ਆਏ ਤਰਨਤਾਰਨ ਦੇ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ, ਵੱਡਾ ਭਰਾਂ ਹੋਇਆ ਜ਼ਖ਼ਮੀ






ਬਰੈਂਪਟਨ 7 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਕੈਨੇਡਾ ਦੇ ਬਰੈਂਪਟਨ ਸ਼ਹਿਰ 'ਚ ਗੈਂਗਸਟਰਾਂ ਵੱਲੋਂ ਪਿੰਡ ਨੰਦਪੁਰ ਦੇ ਵਸਨੀਕ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਗੈਂਗਸਟਰਾਂ ਨੇ ਵਾਰਦਾਤ ਨੂੰ ਉਦੋਂ ਅੰਜਾਮ ਦਿੱਤਾ ਜਦੋਂ ਪ੍ਰਿਤਪਾਲ ਸਿੰਘ ਕੰਮ ਤੇ ਜਾਣ ਲੱਗਿਆ ਕਾਰ ਸਟਾਰਟ ਕਰਨ ਲੱਗਿਆਂ ਸੀ ਕਿ ਇਸੇ ਦੌਰਾਨ ਗੈਂਗਸਟਰਾਂ ਵੱਲੋਂ ਚਲਾਈਆਂ ਗੋਲੀਆਂ ਵਿੱਚ ਪ੍ਰਿਤਪਾਲ ਸਿੰਘ ਦਾ ਵੱਡਾ ਭਰਾਂ ਖੁਸ਼ਵੰਤ ਸਿੰਘ ਜ਼ਖ਼ਮੀ ਹੋ ਗਿਆ।

ਜੰਮੂ-ਕਸ਼ਮੀਰ-ਰਾਜਸਥਾਨ ਕੌਮੀ ਮਾਰਗ 'ਤੇ ਸਥਿਤ ਕਸਬਾ ਨੌਸ਼ਹਿਰਾ ਪੰਨੂਆਂ ਦੇ ਪਿੰਡ ਨੰਦਪੁਰ ਵਾਸੀ ਕਿਸਾਨ ਸਰਬਜੀਤ ਸਿੰਘ ਦਾ ਵੱਡਾ ਪੁੱਤਰ ਖੁਸ਼ਵੰਤ ਸਿੰਘ ਚਾਰ ਸਾਲ ਪਹਿਲਾਂ ਕੈਨੇਡਾ (ਬਰੈਂਪਟਨ) ਆਇਆ ਸੀ। ਜਦਕਿ ਇਸ ਸਾਲ ਮਈ ਵਿੱਚ ਉਸਦਾ ਛੋਟਾ ਪੁੱਤਰ ਪ੍ਰਿਤਪਾਲ ਸਿੰਘ (27) ਵੀ ਕੈਨੇਡਾ ਆ ਗਿਆ ਸੀ। ਦੋਵੇਂ ਭਰਾ ਇੱਥੇ ਪੰਜਾਬੀ ਪਰਿਵਾਰ ਦੇ ਘਰ ਵਿੱਚ ਹੀ ਕਿਰਾਏ 'ਤੇ ਰਹਿੰਦੇ ਸਨ। ਕੁੱਝ ਦਿਨ ਪਹਿਲਾਂ ਉਕਤ ਪਰਿਵਾਰ ਤੋਂ ਕੈਨੇਡਾ ਨਾਲ ਸਬੰਧਤ ਗੈਂਗਸਟਰਾਂ ਵੱਲੋਂ ਫਿਰੌਤੀ ਦੀ ਮੰਗ ਕੀਤੀ ਗਈ ਸੀ। ਪਰ ਪਰਿਵਾਰ ਨੇ ਫਿਰੌਤੀ ਦਾ ਭੁਗਤਾਨ ਨਹੀਂ ਕੀਤਾ ਤੇ ਉਹ ਕਿਰਾਏਦਾਰਾਂ ਨੂੰ ਦੱਸੇ ਬਿਨਾਂ ਘਰ ਛੱਡ ਕੇ ਕਿਥੇ ਚਲੇ ਗਏ। ਬੀਤੇ ਵੀਰਵਾਰ ਨੂੰ ਖੁਸ਼ਵੰਤ ਸਿੰਘ ਅਤੇ ਪ੍ਰਿਤਪਾਲ ਸਿੰਘ ਕੰਮ 'ਤੇ ਜਾਣ ਲਈ ਕਾਰ ਸਟਾਰਟ ਕਰਨ ਤੋਂ ਪਹਿਲਾਂ ਕਾਰ ਤੇ ਜੰਮੀਂ ਬਰਫ਼ ਨੂੰ ਹਟਾ ਰਹੇ ਸਨ ਕਿ ਇਸੇ ਦੌਰਾਨ ਦੂਸਰੀ ਕਾਰ ਵਿੱਚ ਸਵਾਰ ਸ਼ੂਟਰਾ ਨੇ ਉਨਾਂ ਤੇ ਫਾਇਰਿੰਗ ਕਰ ਦਿੱਤੀ।

ਇਸ ਫਾਇਰਿੰਗ ਵਿੱਚ ਪ੍ਰਿਤਪਾਲ ਦੀ ਮੋਕੇ ਤੇ ਮੌਤ ਹੋ ਗਈ। ਜਦਕਿ ਖੁਸ਼ਵੰਤ ਸਿੰਘ ਦੀ ਬਾਂਹ ਤੇ ਵੀ ਗੋਲੀ ਲੱਗੀ ਉਧਰ, ਸਰਬਜੀਤ ਸਿੰਘ ਵੱਲੋਂ ਘਰਵਾਲੀ ਗੁਰਬਿੰਦਰ ਕੋਰ ਨੂੰ ਸਵੇਰੇ ਇਸ ਘਟਨਾਂ ਬਾਰੇ ਜਾਣਕਾਰੀ ਦਿੱਤੀ। ਪੁੱਤਰ ਦੀ ਮੌਤ ਦੀ ਖ਼ਬਰ ਸੁਣਦੇ ਹੀ ਗੁਰਬਿੰਦਰ ਕੌਰ ਬੇਹੋਸ਼ ਹੋ ਗਈ।

### ਮ੍ਰਿਤਕ ਦੇਹ ਭਾਰਤ ਲਿਆਉਣ ਦੀ ਮੰਗ

ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ, ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਵੱਲੋਂ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸਰਬਜੀਤ ਸਿੰਘ ਦੇ ਰਿਸ਼ਤੇਦਾਰ ਸੁਰਿੰਦਰ ਸਿੰਘ ਨੇ ਦੱਸਿਆ ਕਿ ਇੱਕ ਪਾਸੇ ਪ੍ਰਿਤਪਾਲ ਸਿੰਘ ਦੀ ਲਾਸ਼ ਨੂੰ ਭਾਰਤ ਲਿਆਉਣ ਲਈ ਪ੍ਰਸ਼ਾਸਨ ਤੋਂ ਮਦਦ ਮੰਗੀ ਜਾ ਰਹੀ ਹੈ। ਦੂਜੇ ਪਾਸੇ ਪਿੰਡ ਵਾਸੀ ਇਸ ਗੋਲੀਬਾਰੀ ਵਿੱਚ ਜ਼ਖ਼ਮੀ ਹੋਏ ਖੁਸ਼ਵੰਤ ਸਿੰਘ ਦੇ ਤੰਦਰੁਸਤ ਲਈ ਅਰਦਾਸ ਕਰ ਰਹੇ ਹਨ।

### ਕੰਮ 'ਤੇ ਜਾਣ ਤੋਂ ਪਹਿਲਾਂ, ਦੋਵੇਂ ਪੁੱਤਰਾਂ ਨੇ ਆਪਣੀ ਮਾਂ ਨਾਲ ਕੀਤੀ ਸੀ ਗੱਲ

ਕਿਰਾਏ ਦੇ ਮਕਾਨ ਤੋਂ ਕੰਮ 'ਤੇ ਜਾਣ ਵਕਤ ਪ੍ਰਿਤਪਾਲ ਨੇ ਆਪਣੀ ਮਾਤਾ ਗੁਰਬਿੰਦਰ ਕੌਰ ਨਾਲ ਕਰੀਬ ਪੰਜ ਮਿੰਟ ਫੋਨ 'ਤੇ ਗੱਲਬਾਤ ਕੀਤੀ ਸੀ। ਪ੍ਰਿਤਪਾਲ ਨੇ ਆਪਣੀ ਮਾਂ ਨੂੰ ਕਿਹਾ ਕਿ, 'ਮਾਂ, ਮੈਂ ਕਰਮਾਂ ਵਾਲਾ ਹਾਂ ਜਿਹਨੂੰ ਬਾਹਰਲੇ ਮੁਲਕ ਵਿੱਚ ਆਪਣੇ ਵੱਡੇ ਭਰਾ ਦਾ ਸਾਥ ਮਿਲਿਆ, ਹੁਣ ਤੂੰ ਫ਼ਕਰ ਨਾ ਕਰੀਂ, ਬਾਪੂ ਦਾ ਸਾਰਾ ਕਰਜ਼ਾ ਨਵੇਂ ਸਾਲ ਵਿੱਚ ਲਾਹ ਦੇਣਾ। ਨਾਲੇ ਹੁਣ ਆਪਾਂ ਖੁਸ਼ਵੰਤ ਵੀਰੇ ਦਾ ਵਿਆਹ ਵੀ ਕਰਨਾਂ, ਚੰਗਾ ਹੁਣ ਇਹ ਵੱਡੇ ਵੀਰ ਨਾਲ ਵੀ ਗੱਲ ਕਰ ਲੈ, ਅਸੀਂ ਹੁਣ ਲੇਟ ਹੋ ਰਹੇ ਹਾਂ..।

ਘਟਨਾਕ੍ਰਮ ਤੋਂ ਪਹਿਲਾਂ ਦੋਨੇ ਭਰਾਵਾਂ ਨੇ ਆਪਣੀ ਮਾਂ ਨਾਲ ਗੱਲ ਕਰਨ ਤੋਂ ਬਾਅਦ ਪਿਤਾ ਸਰਬਜੀਤ ਸਿੰਘ ਦਾ ਹਾਲ ਵੀ ਜਾਣਿਆ ਸੀ। ਉਕਤ ਜਾਣਕਾਰੀ ਦਿੰਦੇ ਹੋਏ ਸਰਬਜੀਤ ਸਿੰਘ ਨੇ ਕਿਹਾ ਕਿ ਅੱਜ ਦਾ ਦਿਨ ਉਸਦੇ ਲਈ ਬਹੁਤ ਮਨਹੂਸ ਹੈ। ਉਧਰ, ਬੇਟੇ ਦੇ ਵਿਯੋਗ ਵਿੱਚ ਮਾਂ ਗੁਰਵਿੰਦਰ ਕੌਰ ਵਿਰਲਾਪ ਕਰਦੇ ਹੋਏ ਵਾਰ-ਵਾਰ ਕਹਿੰਦੀ ਰਹੀ ਕੀ ਵੇ ਰੱਬਾ ਆਹ ਕੀ ਹੋ ਗਿਆ ਤੈਨੂੰ ਮੇਰਾ ਲਾਲ ਵਾਪਸ ਕਰ ਦੇ...।













# ਕੈਨੇਡਾ ਸਰਕਾਰ ਨੇ ਖ਼ਤਰਨਾਕ ਹਥਿਆਰਾਂ ’ਤੇ ਪਾਬੰਦੀ ਲਾਈ

## ਕੈਨੇਡਿਆਈ ਨਾਗਰਿਕਾਂ ਨੂੰ ਹਥਿਆਰ ਅਗਲੇ ਸਾਲ 30 ਅਕਤੂਬਰ ਤੱਕ ਸੌਂਪਣ ਦੀ ਛੋਟ ਦਿੱਤੀ

ਕੈਨੇਡਾ, 07 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਕੈਨੇਡਾ ਦੀ ਟਰੂਡੋ ਸਰਕਾਰ ਨੇ ਹਥਿਆਰਾਂ ਪ੍ਰਤੀ ਸਖ਼ਤ ਰੁਖ਼ ਅਪਣਾਉਂਦਿਆਂ 324 ਕਿਸਮ ਦੀਆਂ ਬੰਦੂਕਾਂ ’ਤੇ ਪਾਬੰਦੀ ਲਾਉਣ ਦਾ ਐਲਾਨ ਕੀਤਾ ਹੈ। ਪਾਬੰਦੀਸ਼ੁਦਾ ਅਸਾਲਟ ਸ਼ੈਲੀ ਦੀਆਂ ਰਾਈਫ਼ਲਾਂ ਵੀ ਸੰਘੀ ਸਰਕਾਰ ਦੀਆਂ ਪਾਬੰਦੀਆਂ ਵਿੱਚ ਸ਼ਾਮਲ ਹਨ। ਇਨ੍ਹਾਂ ਹਥਿਆਰਾਂ ਨੂੰ ਹੁਣ ਕੈਨੇਡਾ ਵਿੱਚ ਰੱਖਣ, ਵੇਚਣ ਜਾਂ ਦਰਾਮਦ ਕਰਨ ’ਤੇ ਪਾਬੰਦੀ ਲਾਈ ਗਈ ਹੈ। ਲੋਕ ਸੁਰੱਖਿਆ ਮੰਤਰੀ ਡੌਮੀਨਿਕ ਲੇਬਲਾਂਕ ਨੇ ਕਿਹਾ ਕਿ ਇਨ੍ਹਾਂ ਹਥਿਆਰਾਂ ’ਤੇ ਪਾਬੰਦੀ ਲਾਉਣ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਕੈਨੇਡਾ ਵਿੱਚ ਹਰੇਕ ਭਾਈਚਾਰਾ ਤੇ ਹਰੇਕ ਪਰਿਵਾਰ ਸੁਰੱਖਿਅਤ ਰਹੇ। ਉਨ੍ਹਾਂ ਕਿਹਾ ਕਿ



ਕੈਨੇਡਿਆਈ ਨਾਗਰਿਕਾਂ ਨੂੰ ਆਪਣੇ ਹਥਿਆਰ ਅਗਲੇ ਸਾਲ 30 ਅਕਤੂਬਰ ਤੱਕ ਸਰਕਾਰ ਨੂੰ ਸੌਂਪਣ ਦੀ ਛੋਟ ਦਿੱਤੀ ਗਈ ਹੈ ਅਤੇ ਇਨ੍ਹਾਂ ਹਥਿਆਰਾਂ ਦੀ ਕੀਮਤ ਵੀ ਸਰਕਾਰ ਵੱਲੋਂ ਅਦਾ ਕੀਤੀ ਜਾਵੇਗੀ। ਹਾਲਾਂਕਿ, ਮਿਆਦ ਲੰਘਣ ਮਗਰੋਂ ਅਜਿਹੇ ਹਥਿਆਰ ਰੱਖਣ ਵਾਲਿਆਂ ਖ਼ਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਸੇ ਦੌਰਾਨ ਰੱਖਿਆ ਮੰਤਰੀ ਬਿਲ ਬਲੇਅਰ ਨੇ ਦੱਸਿਆ ਕਿ ਸਰਕਾਰ ਨੂੰ ਮਿਲਣ ਵਾਲੀਆਂ ਕੁੱਝ ਅਸਾਲਟ ਰਾਈਫਲਾਂ ਯੂਕਰੇਨ ਭੇਜੀਆਂ ਜਾਣਗੀਆਂ ਉਨ੍ਹਾਂ ਦੱਸਿਆ ਕਿ ਇਹ ਪਾਬੰਦੀ ਕੈਨੇਡਾ ਵਿੱਚ ਹਥਿਆਰਬੰਦ ਹਿੰਸਾ ਨਾਲ ਨਜਿੱਠਣ ਲਈ ਕੈਨੇਡਾ ਸਰਕਾਰ ਦੀ ਵਿਆਪਕ ਪਹੁੰਚ ਦਾ ਹਿੱਸਾ ਹੈ।

ਦੂਜੇ ਪਾਸੇ, ਕੰਜ਼ਰਵੇਟਿਵ ਪਾਰਟੀ ਨੇ ਸਰਕਾਰ ਵੱਲੋਂ ਲਾਈਆਂ ਨਵੀਆਂ ਪਾਬੰਦੀਆਂ ਦੀ ਆਲੋਚਨਾ ਕੀਤੀ ਹੈ। ਲੋਕ ਸੁਰੱਖਿਆ ਮਾਮਲਿਆਂ ਬਾਰੇ ਆਲੋਚਕ ਰਾਕੇਲ ਡਾਂਚੋ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਅਪਰਾਧੀਆਂ ਪ੍ਰਤੀ ਨਰਮ ਰਵੱਈਆ ਦਿਖਾ ਰਹੀ ਹੈ ਅਤੇ ਕਾਨੂੰਨ ਦਾ ਪਾਲਣ ਕਰਨ ਵਾਲੇ ਕੈਨੇਡਿਆਈ ਨਾਗਰਿਕਾਂ ਨਾਲ ਧੱਕੇਸ਼ਾਹੀ ਕਰ ਰਹੀ ਹੈ।

# ਅਜ਼ਾਦ ਪ੍ਰੈੱਸ ਕਲੱਬ ਦੀ ਮੀਟਿੰਗ ਮਹਿਤਪੁਰ ਵਿਖੇ ਹੋਈ

ਜਲੰਧਰ, 07 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਅਜ਼ਾਦ ਪ੍ਰੈੱਸ ਕਲੱਬ ਮਹਿਤਪੁਰ (ਜ਼ਿਲਾ ਜਲੰਧਰ)ਦੀ ਹੰਗਾਮੀ ਮੀਟਿੰਗ ਪੱਤਰਕਾਰ ਸੁਰਿੰਦਰ ਛਾਬੜਾ ਅਤੇ ਗੁਰਨਾਮ ਮਹਿਸਮਪੁਰ ਦੀ ਅਗਵਾਈ ਹੇਠ ਮਹਿਤਪੁਰ ਦਫ਼ਤਰ ਵਿਖੇ ਹੋਈ। ਜਿਸ ਵਿਚ ਅਜ਼ਾਦ ਪ੍ਰੈੱਸ ਕਲੱਬ ਦੇ ਅਹੁੱਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਜਿਸ ਵਿਚ ਕਨੂੰਨੀ ਸਲਾਹਕਾਰ ਗੁਰਸ਼ਰਨ ਪ੍ਰੀਤ ਸਿੰਘ,ਪੱਤਰਕਾਰ ਹਰਜਿੰਦਰ



ਸਿੰਘ ਚੰਦੀ ਪ੍ਰਧਾਨ, ਸੁਰਿੰਦਰ ਛਾਬੜਾ ਮੀਤ ਪ੍ਰਧਾਨ, ਰਾਜ ਕਟਾਰੀਆ ਸਕੱਤਰ, ਸੁਖਵਿੰਦਰ ਸਿੰਘ ਰੂਪਰਾਏ ਖਜਾਨਚੀ, ਹਰਪਾਲ ਸਿੰਘ ਜੱਜ ਜਾਇੰਟ ਸਕੱਤਰ, ਦਲਬੀਰ ਸਿੰਘ ਕੂੰਨਰ ਸਲਾਹਕਾਰ ਤੋਂ ਇਲਾਵਾ ਹਰਜਿੰਦਰ ਪਾਲ ਛਾਬੜਾ,ਪਵਨ ਕੁਮਾਰ, ਮਨੀਸ਼ ਸ਼ਰਮਾ, ਸੁਖਵਿੰਦਰ ਸਿੰਘ ਖਿੰਡਾ



ਮੈਂਬਰ ਚੁਣੇ ਗਏ। ਇਸ ਮੌਕੇ ਅਜ਼ਾਦ ਪ੍ਰੈਸ ਕਲੱਬ ਨੂੰ ਸੰਬੋਧਨ ਕਰਦਿਆਂ ਹਰਜਿੰਦਰ ਸਿੰਘ ਚੰਦੀ ਨੇ ਕਲੱਬ ਦੇ ਨਵੇਂ ਚੁਣੇ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਪੱਤਰਕਾਰੀ ਦੀ ਗੱਲ ਕਰਦਿਆਂ ਚਿੰਤਾ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਪੱਤਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਸਿੱਕੇ ਦੇ ਦੋਨਾਂ ਪਾਸਿਆਂ ਨੂੰ ਘੋਖਣ ਤੋਂ ਬਾਅਦ ਗੱਲ ਕਰੇ ਉਨ੍ਹਾਂ ਕਿਹਾ ਕਿ ਪੱਤਰਕਾਰ ਨੂੰ ਪਬਲਿਕ ਦੀਆਂ ਸਮੱਸਿਆਵਾਂ ਸਰਕਾਰ ਤੱਕ ਪਹੁੰਚਾਉਣ ਲਈ ਪੂਰੀ ਤਨਦੇਹੀ ਨਾਲ ਜ਼ਿੰਮੇਵਾਰੀ ਨਿਭਾਉਣ ਦੀ ਲੋੜ ਹੁੰਦੀ ਹੈ। ਇਸ ਲਈ ਇਕ ਚੰਗਾ ਪੱਤਰਕਾਰ ਚਿੰਤਾ ਅਤੇ ਚਿੰਤਨ ਕਰਨ ਤੋਂ ਬਿਨਾਂ ਆਪਣਾ ਫਰਜ਼ ਤਨਦੇਹੀ ਨਾਲ ਨਹੀ ਨਿਭਾ ਸਕਦਾ। ਉਨ੍ਹਾਂ ਕਿਹਾ ਅਸੀਂ ਵਿਸ਼ਵਾਸ ਦਿਵਾਉਂਦੇ ਹਾਂ ਕਿ ਅਜ਼ਾਦ ਪ੍ਰੈੱਸ ਕਲੱਬ ਮਹਿਤਪੁਰ ਹਰ ਵੇਲੇ ਪਬਲਿਕ ਨਾਲ ਰਾਬਤਾ ਕਾਇਮ ਰਖਕੇ ਚੱਲੇਗਾ। ਅਤੇ ਹਮੇਸ਼ਾ ਇਲਾਕੇ ਦੀਆਂ ਸਮੱਸਿਆਵਾਂ ਨੂੰ ਪਹਿਲ ਦਵੇਗਾ। ਇਸ ਮੌਕੇ ਅਜ਼ਾਦ ਪ੍ਰੈੱਸ ਕਲੱਬ ਵੱਲੋਂ ਸਰਬਸੰਮਤੀ ਨਾਲ ਇਹ ਮਤਾ ਪਾਇਆ ਗਿਆ ਕਿ ਅਜ਼ਾਦ ਪ੍ਰੈੱਸ ਕਲੱਬ ਮਹਿਤਪੁਰ ਸਮਾਜ ਸੇਵਾ ਦੇ ਕੰਮ ਵੀ ਜਾਰੀ ਰਖੇਗਾ।



















# ਜਿਸ ਦਫ਼ਤਰ ਵਿੱਚ ਕਦੇ ਸੀ ਚਪੜਾਸੀ, ਇਮਤਿਹਾਨ ਦੇ ਕੇ ਅੱਜ ਉਥੇ ਬਣਿਆ ਅਫ਼ਸਰ




ਰਾਏਪੁਰ,07 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਛੱਤੀਸਗੜ੍ਹ ਪਬਲਿਕ ਸਰਵਿਸ ਕਮਿਸ਼ਨ (ਸੀ.ਜੀ.ਪੀ.ਐਸ.ਸੀ) ਦੇ ਦਫ਼ਤਰ ਵਿੱਚ ਕਿਸੇ ਵੇਲੇ ਚਪੜਾਸੀ ਰਹੇ

ਸ਼ੈਲੇਂਦਰ ਕੁਮਾਰ ਬਾਂਧੇ ਦੀ ਉਸੇ ਦਫ਼ਤਰ ਵਿੱਚ ਸਹਾਇਕ ਕਮਿਸ਼ਨਰ (ਸਟੇਟ ਟੈਕਸ) ਵਜੋਂ ਨਿਯੁਕਤੀ ਹੋਈ ਹੈ। ਇਸ ਨਿਯੁਕਤੀ ਦੇ ਨਾਲ ਹੀ ਸ਼ੈਲੇਂਦਰ ਬਾਂਧੇ ਉਨ੍ਹਾਂ ਨੌਜਵਾਨਾਂ ਲਈ ਵੀ ਪ੍ਰੇਰਨਾ ਸਰੋਤ ਬਣ ਗਏ ਹਨ ਜੋ ਵਿਪਰਿਤ ਹਾਲਾਤਾਂ ਦੇ ਬਾਵਜੂਦ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਹਨ। ਦਰਅਸਲ ਨੈਸ਼ਨਲ (N.I.T) ਰਾਏਪੁਰ ਤੋਂ ਬੀ.ਟੈਕ. ਕਰਨ ਵਾਲੇ ਸ਼ੈਲੇਂਦਰ ਬਾਂਧੇ ਨੇ ਪੰਜਵੀਂ ਕੋਸ਼ਿਸ਼ ਵਿੱਚ ਪ੍ਰੀਖਿਆ ਪਾਸ ਕੀਤੀ ਹੈ, ਜਿਸ ਦੇ ਨਤੀਜੇ ਪਿਛਲੇ ਹਫ਼ਤੇ ਐਲਾਨੇ ਗਏ ਸਨ। ਸ਼ੈਲੇਂਦਰ ਬਾਂਧੇ ਨੇ ਜਨਰਲ ਕੈਟਾਗਰੀ ਵਿੱਚ 73ਵਾਂ ਰੈਂਕ ਅਤੇ ਰਿਜ਼ਰਵ ਕੈਟਾਗਰੀ ਵਿੱਚ ਦੂਜਾ ਰੈਂਕ ਹਾਸਲ ਕੀਤਾ ਹੈ। ਬਾਂਧੇ ਨੇ ਸ਼ੁੱਕਰਵਾਰ ਨੂੰ ਇਕ ਇੰਟਰਵਿਊ 'ਚ ਕਿਹਾ ਕਿ ਮੈਨੂੰ ਇਸ ਸਾਲ ਮਈ 'ਚ (ਸੀ.ਜੀ.ਪੀ.ਐਸ.ਸੀ) ਦਫ਼ਤਰ 'ਚ ਚਪੜਾਸੀ ਵਜੋਂ ਨਿਯੁਕਤ ਕੀਤਾ ਗਿਆ ਸੀ। ਇਸ ਸਾਲ ਫ਼ਰਵਰੀ ਵਿੱਚ ਹੋਈ (ਸੀ.ਜੀ.ਪੀ.ਐਸ.ਸੀ) 2023 ਦੀ ਮੁੱਢਲੀ ਪ੍ਰੀਖਿਆ ਪਾਸ ਕਰ ਲਈ। ਇਸ ਤੋਂ ਬਾਅਦ ਮੈਂ ਮੁੱਖ ਪ੍ਰੀਖਿਆ ਦੀ ਤਿਆਰੀ ਜਾਰੀ ਰੱਖੀ ਕਿਉਂਕਿ ਮੈਂ ਅਫਸਰ ਬਣਨਾ ਚਾਹੁੰਦਾ ਸੀ। ਸ਼ੈਲੇਂਦਰ ਬਾਂਧੇ ਬਿਲਾਸਪੁਰ ਜ਼ਿਲ੍ਹੇ ਦੇ ਪਿੰਡ ਬਿਟਕੁਲੀ ਦੇ ਇੱਕ ਕਿਸਾਨ ਪਰਿਵਾਰ ਨਾਲ ਸਬੰਧਤ ਹਨ। ਬਾਂਧੇ ਨੇ ਦੱਸਿਆ ਕਿ ਉਸ ਨੇ ਆਪਣੀ ਸਕੂਲੀ ਪੜ੍ਹਾਈ ਰਾਏਪੁਰ ਤੋਂ ਪੂਰੀ ਕੀਤੀ ਹੈ।

## ਕੁਝ ਲੋਕ ਮਾਰਦੇ ਸਨ ਤਾਅਨੇ ਤੇ ਉਡਾਉਂਦੇ ਸਨ ਮਜ਼ਾਕ

ਸੈਲੈਂਡਰ ਬਾਂਧੇ ਨੇ ਕਿਹਾ ਕੁੱਝ ਲੋਕ ਉਸਨੂੰ ਚਪੜਾਸੀ ਦਾ ਕੰਮ ਕਰਨ ਲਈ ਤਾਅਨੇ ਮਾਰਦੇ ਸਨ ਅਤੇ ਉਸਦਾ ਮਜ਼ਾਕ ਉਡਾਉਂਦੇ ਸਨ। ਪਰ ਉਸਨੇ ਉਨ੍ਹਾਂ ਦੀਆਂ ਗੱਲਾਂ ਵੱਲ ਧਿਆਨ ਨਹੀਂ ਦਿੱਤਾ। ਉਸਦੇ ਮਾਤਾ-ਪਿਤਾ,ਪਰਿਵਾਰ ਅਤੇ ਦਫ਼ਤਰ ਨੇ ਹਮੇਸ਼ਾ ਉਸਦਾ ਸਮਰਥਨ ਕੀਤਾ ਅਤੇ ਉਤਸ਼ਾਹਿਤ ਕੀਤਾ।

## ਪਰਿਵਾਰ ਦੀ ਕਰਨੀ ਸੀ ਆਰਥਿਕ ਮਦਦ

ਸ਼ੈਲੇਂਦਰ ਬਾਂਧੇ ਨੇ ਦੱਸਿਆ ਕਿ ਸਿਵਲ ਸੇਵਾਵਾਂ ਪ੍ਰੀਖਿਆ ਦੀ ਤਿਆਰੀ ਵਿੱਚ ਇੱਕ ਤੋਂ ਬਾਅਦ ਇੱਕ ਸਾਲ ਗੁਜ਼ਰਦਾ ਗਿਆ, ਜਿਸ ਕਾਰਨ ਉਸਨੂੰ ਚਪੜਾਸੀ ਵਜੋਂ ਕੰਮ ਕਰਨਾ ਪਿਆ। ਕਿਉਂਕਿ ਪਰਿਵਾਰ ਦੀ ਆਰਥਿਕ ਮਦਦ ਕਰਨ ਲਈ ਅਜਿਹਾ ਕਰਨਾ ਜ਼ਰੂਰੀ ਸੀ। ਪਰ ਉਸਨੇ ਸਟੇਟ ਸਿਵਲ ਸਰਵਿਸਿਜ਼ ਇਮਤਿਹਾਨ ਦੀ ਤਿਆਰੀ ਵੀ ਜਾਰੀ ਰੱਖੀ। ਚਪੜਾਸੀ ਵਜੋਂ ਕੰਮ ਕਰਨ ਵਿੱਚ ਖੱਜਲ-ਖੁਆਰੀ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਕੋਈ ਵੀ ਨੌਕਰੀ ਵੱਡੀ ਜਾਂ ਛੋਟੀ ਨਹੀਂ ਹੁੰਦੀ ਕਿਉਂਕਿ ਹਰ ਅਹੁਦੇ ਦੀ ਆਪਣੀ ਸ਼ਾਨ ਹੁੰਦੀ ਹੈ। ਚਪੜਾਸੀ ਹੋਵੇ ਜਾਂ ਡਿਪਟੀ ਕਲੈਕਟਰ, ਹਰ ਕੰਮ ਵਿੱਚ ਇਮਾਨਦਾਰੀ ਅਤੇ ਪੂਰੀ ਜ਼ਿੰਮੇਵਾਰੀ ਨਾਲ ਕੰਮ ਕਰਨਾ ਪੈਂਦਾ ਹੈ।



# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ



ਨਵੀਂ ਦਿੱਲੀ, 7 ਦਸੰਬਰ (ਜਸਵਿੰਦਰ ਸਿੰਘ ਬਿੱਟਾ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਸਜਾਇਆ ਗਿਆ ਜਿਸ ਵਿਚ ਲੱਖਾਂ ਲੋਕਾਂ ਨੇ ਹਿੱਸਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਆਸ਼ੀਰਵਾਦ ਲਿਆ। ਇਹ ਨਗਰ ਕੀਰਤਨ ਗੁਰਦੁਆਰਾ ਸ਼ੀਸ਼ਗੰਜ ਸਾਹਿਬ ਤੋਂ ਅਰਦਾਸ ਉਪਰੰਤ ਸ਼ੁਰੂ ਹੋਇਆ ਅਤੇ ਪੁਰਾਣੀ ਦਿੱਲੀ ਤੇ ਕੇਂਦਰੀ ਦਿੱਲੀ ਦੇ ਵੱਖ-ਵੱਖ ਇਲਾਕਿਆਂ ਵਿਚੋਂ ਹੁੰਦਾ ਹੋਇਆ ਦੇਰ ਸ਼ਾਮ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਸਮਾਪਤ ਹੋਇਆ। ਇਸ ਮੌਕੇ ਨਗਰ ਕੀਰਤਨ ਵਿਚ ਗੁਰੂ ਕੀਆਂ ਲਾਡਲੀਆਂ ਫੌਜਾਂ ਦੇ ਜੱਥੇ ਤੋਂ ਇਲਾਵਾ ਕੀਰਤਨ ਵਿਚ ਢੋਲ ਨਗਾਰੇ, ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਬੱਚਿਆਂ ਸਮੇਤ ਵੱਖ-ਵੱਖ ਜਥੇਬੰਦੀਅੰ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਮੇਟੀ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਅਤੇ ਧਰਮ ਪ੍ਰਚਾਰ ਮੁਖੀ ਜਸਪ੍ਰੀਤ ਸਿੰਘ ਕਰਮਸਰ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਨੇ ਦੇਸ਼ ਦੇ ਧਰਮ ਤੇ ਸੰਸਕ੍ਰਿਤੀ ਦੀ ਰੱਖਿਆ ਵਾਸਤੇ ਆਪਣੀ ਅਦੁੱਤੀ ਸ਼ਹਾਦਤ ਦਿੱਤੀ। ਉਹਨਾਂ ਕਿਹਾ ਕਿ ਇਹ ਸਮੇਂ ਦਾ ਫੇਰ ਹੈ ਕਿ ਜ਼ਾਲਮ ਔਰੰਗਜ਼ੇਬ ਸਭ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ ਪਰ ਗੁਰੂ ਸਾਹਿਬ ਨੇ ਆਪਣੀ ਸ਼ਹਾਦਤ ਦੇ ਕੇ ਉਸਦੇ ਮਨਸੂਬੇ ਅਸਫਲ ਬਣਾਏ। ਅੱਜ ਗੁਰੂ ਸਾਹਿਬ ਨੂੰ ਸਜਦਾ ਕਰਨ ਵਾਸਤੇ ਦੁਨੀਆਂ ਭਰ ਦੇ ਕਰੋੜਾਂ ਲੋਕ ਸੀਸ ਨਿਵਾਉਂਦੇ ਹਨ ਜਦੋਂ ਕਿ ਔਰੰਗਜ਼ੇਬ ਦੀ ਮੜੀ 'ਤੇ ਕੋਈ ਦੀਵਾ ਬਾਲਣ ਵਾਲਾ ਵੀ ਨਹੀਂ ਰਿਹਾ।

ਭਲਕੇ ਸ਼ਹੀਦੀ ਗੁਰਪੁਰਬ ਨੂੰ ਸਮਰਪਿਤ ਕਮੇਟੀ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਚ ਕੀਰਤਨ ਦਰਬਾਰ ਸਜਾਏ ਜਾਣਗੇ ਜਿਸ ਵਿਚ ਰਾਗੀ ਸਿੰਘ ਗੁਰੂ ਕੀ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।












# ਜੰਮੂ-ਕਸ਼ਮੀਰ 'ਚ ਸਰਕਾਰ ਅਤੇ ਰਾਜ ਭਵਨ ਵਿੱਚ ਤਣਾਅ ?


ਸ੍ਰੀਨਗਰ: 07 ਦਸੰਬਰ,(ਵਿਸ਼ਵ ਪੰਜਾਬ ਸਾਂਝ ਕੈਨੇਡਾ)- ਜੰਮੂ ਕਸ਼ਮੀਰ ਵਿੱਚ ਨਵੇਂ ਨਿਯੁਕਤ ਉਮਰ ਅਬਦੁੱਲਾ ਸਰਕਾਰ ਨੂੰ ਆਪਣੇ ਕਾਰਜ਼ਕਾਲ ਦੇ ਦੋ ਮਹੀਨੇ ਤੋਂ ਵੀ ਘੱਟ ਸਮੇਂ ਵਿੱਚ ਕਈ ਪ੍ਰਸ਼ਾਸਨਿਕ ਮੁੱਦਿਆਂ ਨੂੰ ਲੈ ਕੇ ਰਾਜ ਭਵਨ ਨਾਲ ਮਤਭੇਦਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਜੰਮੂ ਕਸ਼ਮੀਰ ਵਿੱਚ ਸਾਲ 2018 ਵਿੱਚ ਕੇਂਦਰੀ ਸ਼ਾਸਨ ਲਾਗੂ ਹੋਣ ਦੇ ਬਾਅਦ ?ਰਾਜਪਾਲ ਅਤੇ ਮੌਜੂਦਾ ਉਪ ਰਾਜਪਾਲ ਮਨੋਜ ਸਿਨਹਾ ਨੇ ਸਾਰੀਆਂ ਪ੍ਰਸ਼ਾਸਨਿਕ ਸ਼ਕਤੀਆਂ ਨੂੰ



ਆਪਣੇ ਕੋਲ ਰੱਖਿਆ ਹੈ। ਹਾਲਾਂਕਿ, 16 ਅਕਤੂਬਰ ਨੂੰ ਚੁਣੀ ਹੋਈ ਸਰਕਾਰ ਦੇ ਸੱਤਾ ਵਿੱਚ ਆਉਣ ਨਾਲ ਰੁਖ਼ ਵਿੱਚ ਬਦਲਾਅ ਦੇਖਿਆ ਗਿਆ। ਸੰਸਦ ਦੁਆਰਾ ਬਣਾਏ ਗਏ ਕਾਨੂੰਨ ਦੇ ਤਹਿਤ ਉਪ ਰਾਜਪਾਲ ਅਖਿਲ ਭਾਰਤੀ ਸੇਵਾ ਦੇ ਅਧਿਕਾਰੀਆਂ ਅਤੇ ਕਾਨੂੰਨ ਲਾਗੂ ਕਰਨ ਦੇ ਨਾਲ-ਨਾਲ ਹੋਰ ਜ਼ਿੰਮੇਵਾਰੀਆਂ ਦਾ ਅਧਿਕਾਰ ਰੱਖਦੇ ਹਨ। ਉਪ ਰਾਜਪਾਲ ਪ੍ਰਸ਼ਾਸਨ ਦੁਆਰਾ ਹਾਲ ਹੀ ਵਿੱਚ ਚੁੱਕੇ ਗਏ ਕੁਝ ਕਦਮ ਖ਼ਾਸ ਕਰਕੇ ਜੰਮੂ ਅਤੇ ਕਸ਼ਮੀਰ ਪ੍ਰਸ਼ਾਸਨਿਕ ਸੇਵਾ ਅਧਿਕਾਰੀਆਂ ਦੇ ਤਬਾਦਲੇ ਨੇ ਪ੍ਰਸ਼ਾਸਨਿਕ ਖਿੱਚੋਤਾਨ ਨੂੰ ਹੌਸਲਾ ਦਿੱਤਾ ।

ਸੂਤਰਾਂ ਨੇ ਦੱਸਿਆ ਕਿ ਆਈ.ਏ.ਐਸ ਅਧਿਕਾਰੀਆਂ ਦੇ ਕੁਝ ਤਬਾਦਲੇ ਉਪ ਰਾਜਪਾਲ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ, ਪਰ ਨਵੀਂ ਚੁਣੀ ਹੋਈ ਸਰਕਾਰ ਨੇ ਉਪ ਰਾਜਪਾਲ ਵੱਲੋਂ ਦਿੱਤੇ ਹੁਕਮ ਜੰਮੂ-ਕਸ਼ਮੀਰ ਪ੍ਰਸ਼ਾਸਨਿਕ ਸੇਵਾ ਦੇ ਕੁਝ ਅਧਿਕਾਰੀਆਂ ਦੇ ਤਬਾਦਲਿਆਂ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ ਹੈ। ਅਬਦੁੱਲਾ ਸਰਕਾਰ ਅਤੇ ਰਾਜ ਭਵਨ ਦੋਵੇਂ ਹੀ ਕਾਰਜ਼ ਨਿਯਮਾਂ ਦੇ ਸੰਬੰਧ ਵਿੱਚ ਕੇਂਦਰੀ ਗ੍ਰਹਿ ਮੰਤਰਾਲੇ ਦੀ ਅਧਿਸੂਚਨਾ ਦਾ ਇੰਤਜ਼ਾਰ ਕਰ ਰਹੇ ਹਨ, ਤਾਂ ਕਿ ਜੰਮੂ-ਕਸ਼ਮੀਰ ਵਿੱਚ ਸੁਚਾਰੂ ਸ਼ਾਸ਼ਨ ਦੀ ਸੁਵਿਧਾ ਹੋ ਸਕੇ।

# ਜ਼ਬਰਦਸਤੀ ਮਾਰਕੀਟਿੰਗ 'ਤੇ ਸਰਕਾਰ ਹੋਵੇਗੀ ਸਖ਼ਤ, ਅਣਚਾਹੀ ਕਾਲਾਂ 'ਤੇ ਲੱਗੇਗੀ ਲਗਾਮ



ਨਵੀਂ ਦਿੱਲੀ, 07 ਦਸੰਬਰ (ਜਸਵਿੰਦਰ ਸਿੰਘ ਬਿੱਟਾ)- ਖ਼ਪਤਕਾਰ ਮਾਮਲਿਆਂ ਦੀ ਸਕੱਤਰ ਨਿੱਧੀ ਖਰੇ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਵਿਭਾਗ ਜ਼ਲਦੀ ਹੀ ਖਪਤਕਾਰਾਂ ਦੇ ਹਿੱਤਾਂ ਦੀ ਰੱਖਿਆ ਲਈ ਸਪੈਮ ਕਾਲ ਅਤੇ ਸੰਦੇਸ਼ਾਂ ਨੂੰ ਰੋਕਣ ਲਈ ਦਿਸ਼ਾ-ਨਿਰਦੇਸ਼ ਜਾਰੀ ਕਰੇਗਾ। ਜੂਨ ਵਿੱਚ, ਵਿਭਾਗ ਨੇ ਬੇਨਤੀ/ਪ੍ਰਚਾਰਕ ਜਾਂ ਅਣਚਾਹੇ ਕਾਲਾਂ ਦੇ ਮੁੱਦੇ ਨੂੰ ਹੱਲ ਕਰਨ ਲਈ ਡ ?ਰਾਫਟ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ।

### ਕਿਸ 'ਤੇ ਲਾਗੂ ਹੋਵੇਗਾ ?

ਡਰਾਫਟ ਦਿਸ਼ਾ-ਨਿਰਦੇਸ਼ਾਂ ਵਿੱਚ ਕਿਹਾ ਗਿਆ ਹੈ ਕਿ ਇਹ ਨਿਯਮ ਉਨ੍ਹਾਂ ਸਾਰੇ ਲੋਕਾਂ 'ਤੇ ਲਾਗੂ ਹੋਣਗੇ ਜੋ ਅਜਿਹੇ ਸੰਦੇਸ਼ ਭੇਜਦੇ ਹਨ ਜਾਂ ਉਨ੍ਹਾਂ ਤੋਂ ਫਾਇਦਾ ਲੈਂਦੇ ਹਨ। ਜੇਕਰ ਕੋਈ ਸੁਨੇਹਾ ਪ੍ਰਾਪਤਕਰਤਾ ਦੀ ਇੱਛਾ ਜਾਂ ਤਰਜੀਹਾਂ ਦੇ ਵਿਰੁੱਧ ਹੈ, ਤਾਂ ਇਸ ਨੂੰ ਇੱਕ ਅਣਚਾਹੇ ਸੰਦੇਸ਼ ਵਜੋਂ ਸ਼੍ਰੇਣੀ ਬੱਧ ਕੀਤਾ ਜਾਵੇਗਾ। ਟਰਾਈ (ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ ਇੰਡੀਆ) ਦੇ ਵਪਾਰਕ ਸੰਦੇਸ਼ ਨਿਯਮਾਂ ਨੂੰ ਤੋੜਨ ਵਾਲੇ ਸੰਦੇਸ਼ਾਂ 'ਤੇ ਪਾਬੰਦੀ ਹੋਵੇਗੀ।

### ਕੀ ਹੈ ਸਮੱਸਿਆ ?


ਮੰਤਰਾਲੇ ਨੇ ਦੱਸਿਆ ਸੀ ਕਿ ਇਨ੍ਹਾਂ ਡਰਾਫਟ ਦਿਸ਼ਾ-ਨਿਰਦੇਸ਼ਾਂ ਦਾ ਉਦੇਸ਼ ਗੈਰ-ਰਜਿਸਟਰਡਮਾਰਕਿਟਰ ਨਾਲ ਨਜਿੱਠਣਾ ਹੈ ਜੋ ਪ੍ਰਾਈਵੇਟ ਨੰਬਰਾਂ ਦੀ ਵਰਤੋਂ ਕਰਦੇ ਹਨ। ਰਜਿਸਟਰਡ ਟੈਲੀ ਮਾਰਕਿਟਰਾ ਲਈ ਟਰਾਈ ਦੇ 2018 ਦੇ ਨਿਯਮਾਂ ਦੇ ਬਾਵਜੂਦ, ਇਹ ਲੋਕ ਬਿਨਾਂ ਕਿਸੇ ਨਿਯਮ ਅਤੇ ਨਿਯਮਾਂ ਦੇ ਕੰਮ ਕਰ ਰਹੇ ਹਨ। ਮੰਤਰਾਲੇ ਨੇ ਇਹ ਵੀ ਕਿਹਾ ਕਿ ਹਾਲਾਂਕਿ ਰਜਿਸਟਰਡ ਟੈਲੀਮਾਰਕਿਟਰਾਂ ਲਈ 'ਡੂ ਨਾਟ ਡਿਸਟਰਬ' ਪ੍ਰਭਾਵਸ਼ਾਲੀ ਰਿਹਾ ਹੈ, ਪਰ ਗੈਰ-ਰਜਿਸਟਰਡ ਸ੍ਰੋਤਾਂ ਤੋਂ ਆਉਣ ਵਾਲੇ ਸੰਦੇਸ਼ਾਂ 'ਤੇ ਕੋਈ ਪਾਬੰਦੀ ਨਹੀਂ ਹੈ।

### ਫਿਰ ਦਿਸ਼ਾ-ਨਿਰਦੇਸ਼ ਕਿਉਂ ?

ਇਹ ਡਰਾਫਟ ਦਿਸ਼ਾ-ਨਿਰਦੇਸ਼ ਉਪਭੋਗਤਾਵਾਂ ਨੂੰ ਅਣਅਧਿਕਾਰਤ ਅਤੇ ਜ਼ਬਰਦਸਤੀ ਮਾਰਕੀਟਿੰਗ ਤੋਂ ਬਚਾਉਣ ਲਈ ਹਨ। ਹਾਲਾਂਕਿ ਟਰਾਈ ਨੇ 2018 'ਚ ਹੀ ਅਣਚਾਹੇ ਕਾਲਾਂ ਅਤੇ ਮੈਸੇਜ ਦੀ ਸਮੱਸਿਆ ਨੂੰ ਖ਼ਤਮ ਕਰਨ ਲਈ ਨਿਰਦੇਸ਼ ਜਾਰੀ ਕੀਤੇ ਸਨ, ਪਰ ਇਸ ਸਾਲ ਰੈਗੂਲੇਟਰ ਨੇ ਕੁਝ ਬਦਲਾਅ ਦੇ ਨਾਲ ਫਿਰ ਤੋਂ ਸਖਤ ਨਿਰਦੇਸ਼ ਦਿੱਤੇ ਹਨ।

# I.C.M.R ਦੀ ਰਿਸਰਚ: ਦੇਸ਼ ਵਿੱਚ ਤਿੰਨ ਸਾਲਾਂ 'ਚ ਵਧੇ ਕੈਂਸਰ ਦੇ ਮਰੀਜ਼ , ਹੁਣ ਗਿਣਤੀ 15 ਲੱਖ

ਨਵੀਂ ਦਿੱਲੀ, 07 ਦਸੰਬਰ (ਜਸਵਿੰਦਰ ਸਿੰਘ ਬਿੱਟਾ)- ਭਾਰਤ ਵਿੱਚ ਕੈਂਸਰ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ। ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ (I.C.M.R) ਦੀ ਨੈਸ਼ਨਲ ਕੈਂਸਰ ਰਜਿਸਟਰੀ ਦੇ ਅੰਕੜੇ ਦੱਸਦੇ ਹਨ ਕਿ 2023 ਵਿੱਚ ਦੇਸ਼ ਵਿੱਚ ਕੈਂਸਰ ਦੇ ਮਾਮਲਿਆਂ ਦੀ ਗਿਣਤੀ 15 ਲੱਖ ਤੱਕ ਪਹੁੰਚ ਗਈ। ਇਸਦੇ ਇਲਾਵਾ ਕਈ ਅਜਿਹੇ ਮਾਮਲੇ ਵੀ ਹੋਣਗੇ ਜਿਹਨਾਂ ਦੀ ਰਜਿਸਟ ?ਰੇਸ਼ਨ ਨਹੀਂ ਹੋਈ । ਕੈਂਸਰ ਦਾ ਇਲਾਜ਼ ਕਰਨ ਵਾਲੇ ਡਾਕਟਰਾਂ ਦਾ ਮੰਨਣਾ ਹੈ ਕਿ ਇਹ ਖ਼ਤਰਾ ਲਗਾਤਾਰ ਵਧ ਰਿਹਾ ਹੈ। ਨਵੇਂ ਅਨੁਮਾਨਾਂ ਨਾਲ ਕੈਂਸਰ ਦੀ ਰੋਕਥਾਮ ਅਤੇ ਇਲਾਜ਼ ਨਾਲ ਜੁੜੀਆਂ ਯੋਜਨਾਵਾਂ ਬਣਾਉਣ ਵਿੱਚ ਮਦਦ ਮਿਲਦੀ ਹੈ। ਹੁਣ ਇਸ ਦਿਸ਼ਾ ਵਿੱਚ ਵੱਡੇ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ।



ਕੈਂਸਰ ਦੀ ਸ਼ੁਰੂਆਤੀ ਪਛਾਮ ਜੋਖ਼ਮ ਘਟਾਉਣ ਦੇ ਉਪਾਅ ਅਤੇ ਪ੍ਰਭਾਵਸ਼ਾਲੀ ਪ੍ਰਬੰਧਨ ਬੇਹੱਦ ਜ਼ਰੂਰੀ ਹੈ।

### ਮਾਹਿਰਾਂ ਨੇ ਕਿਹਾ ਵਾਇਰਲ ਇਨਫੈਕਸ਼ਨ ਨਾਲ ਵੀ ਕੈਂਸਰ ਦਾ ਖਤਰਾ

ਮੈਕਸ ਗਰੁੱਪ ਆਫ ਹਾਸਪਿਟਲਜ਼ ਦੇ ਵਾਈਸ ਚੇਅਰਮੈਨ (ਆਨਕੋਲੋਜੀ) ਡਾ: ਸੁਰਿੰਦਰ ਕੁਮਾਰ ਦਾ ਕਹਿਣਾ ਹੈ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਕੈਂਸਰ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ। ਇਸ ਪਿੱਛੇ ਕੁੱਝ ਬੁਨਿਆਦੀ ਕਾਰਨ ਜ਼ਿੰਮੇਵਾਰ ਹਨ। ਮਾੜੀ ਜੀਵਨ ਸ਼ੈਲੀ ਕੈਂਸਰ ਦੀ ਸੰਭਾਵਨਾ ਨੂੰ ਵਧਾਉਂਦੀ ਹੈ। ਵਾਤਾਵਰਨ ਵੀ ਇੱਕ ਕਾਰਕ ਹੈ। ਬਹੁਤ ਜ਼ਿਆਦਾ ਪ੍ਰਦੂਸ਼ਣ, ਧੂੜ ਅਤੇ ਨਿਰਮਾਣ ਸਮੱਗਰੀ ਤੋਂ ਉੱਡਣ ਵਾਲੇ ਛੋਟੇ-ਛੋਟੇ ਕਣ ਫ਼ੇਫੜਿਆਂ ਲਈ ਖ਼ਤਰਨਾਕ ਹਨ। ਹੈਪੇਟਾਈਟਸ ਬੀ ਅਤੇ ਹੈਪੇਟਾਈਟਸ ਸੀ ਵੀ ਗੰਭੀਰ ਖ਼ਤਰਾ ਬਣ ਰਹੇ ਹਨ । ਹੈਪੇਟਾਈਟਸ ਬੀ ਅਤੇ ਸੀ ਵਾਇਰਸ ਜੇਕਰ ਲੰਬੇ ਸਮੇਂ ਤੱਕ ਸੰਕਰਮਿਤ ਰਹਿਣ ਤੇ ਲੀਵਰ ਕੈਂਸਰ ਹੋਣ ਦਾ ਖਤਰਾ ਵਧ ਜਾਂਦਾ ਹੈ। ਇਸਦੇ ਤੋਂ ਇਲਾਵਾ ਇਨ੍ਹਾਂ ਵਾਇਰਸਾਂ ਕਾਰਨ ਪਿੱਤ ਨਲੀ ਦੇ ਕੈਂਸਰ ਦਾ ਖ਼ਤਰਾ ਵੀ ਹੋ ਸਕਦਾ ਹੈ।

### ਪੱਕੇ ਇਲਾਜ਼ ਦੀ ਕਿਵੇਂ ਹੋਵੇ ਵਿਵਸਥਾ

ਦੇਸ਼ ਦੇ ਵੱਡੇ ਹਸਪਤਾਲਾਂ ਵਿੱਚ ਇਲਾਜ਼ ਲਈ ਲੰਮਾ ਸਮਾਂ ਇੰਤਜ਼ਾਰ ਕਰਨਾ ਪੈਂਦਾ ਹੈ। ਡਾਕਟਰ ਜੋ ਟੈਸਟ ਲਿਖਦੇ ਹਨ, ਉਨ੍ਹਾਂ ਦੀਆਂ ਤਰੀਕਾਂ ਵੀ ਲੰਬੇ ਸਮੇਂ ਦੀਆਂ ਮਿਲਦੀਆਂ ਹਨ ਅਤੇ ਅਜਿਹੀ ਸਥਿਤੀ ਵਿਚ ਕੈਂਸਰ ਦੇ ਮਰੀਜ਼ਾਂ ਦੀ ਬੀਮਾਰੀ ਵਧ ਜਾਂਦੀ ਹੈ। ਜਿਸ ਤਰ੍ਹਾਂ ਕੇਂਦਰ ਸਰਕਾਰ ਨੇ ਕੈਂਸਰ ਦੇ ਇਲਾਜ਼ ਵਿਚ ਕੰਮ ਆਉਣ ਵਾਲੀਆਂ ਕਈ ਦਵਾਈਆਂ ਦੇ ਰੇਟ ਘੱਟ ਕੀਤੇ ਹਨ, ਉਸੇ ਤਰ੍ਹਾਂ ਨਾਲ ਇਹ ਵਿਵਸਥਾ ਵੀ ਕਰਨੀ ਚਾਹੀਦੀ ਹੈ ਕਿ ਮਰੀਜ਼ਾ ਦੇ ਟੈਸਟ ਜ਼ਰੂਰਤ ਪੈਣ ਤੇ ਸਰਜਰੀ ਦੇ ਲਈ ਜ਼ਿਆਦਾ ਇੰਤਜ਼ਾਰ ਨਾ ਕਰਨਾ ਪਵੇ।




AAPKI PASAND AAPKA SWAAD
DURUM CHAKKI
ATTA
आटा
ਆਟਾ
Aapki
PASAND
AAPKA SWAAD
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
NET WT POIDS NET 9.07 KG (20 LB)
WEIGHT
20LB
PRICE
$9.99
6HR
SOFTNESS
BEST FOR ROLLS, PARANTHAS. POORIS & HOTBREADS

# BRAMPTON CASH AND CARRY

| | |
|---|---|
| **WHOLESALER** | **IMPORTER** |
| **DISTRIBUTOR** | **RETAILER** |

**Wholesaler, Importer, Distributor & Retailer of Restaurants Supply**








**BRAMPTON CASH & CARRY**

Brampton CashandCarry2023@gmail.com

**905-230-4800**

**100 Kennedy Road S., Brampton, ON L6W 3E7**

HURRY!

SPECIAL OFFER

BRAMPTON CASH & CARRY
Importer | Wholesaler | Retailer

WHITE ONION– 50 POUND

22 $




BUY NOW

T&C APPLY

100 Kennedy Rd S,
Brampton, ON L6W 3E7, Canada

905-230-4800

HURRY!

SPECIAL OFFER

BRAMPTON CASH & CARRY
Importer | Wholesaler | Retailer

BRAR BESAN SUPER FINE

9.99 $




BRAR SWEET CORN FLOUR




4.99 $

SHER WHITE WHOLE WHEAT ATTA

15.99 $




BUY NOW

T&C APPLY

100 Kennedy Rd S,
Brampton, ON L6W 3E7, Canada

905-230-4800